ਇਹ ਥਾਂ ਸਿਰਫ ਦਫ਼ਤਰੀ ਵਰਤੋਂ ਲਈ

U.S. Customs and Border Protection

ਕਸਟਮ ਦੀ ਘੋਸ਼ਣਾ

19 ਸੀਐਫਆਰ 122.27, 148.12, 148.13, 148.110, 148.111, 1498 31 ਸੀਐਫਆਰ 5316

ਫਾਰਮ ਮਨਜ਼ੂਰ ਹੋਇਆ
ਓਐਮਬੀ ਨੰ. 1651–0009

ਪਹੁੰਚਣ ਵਾਲੇ ਹਰ ਯਾਤਰੀ ਜਾਂ ਪਰਿਵਾਰ ਦੇ ਜ਼ਿੰਮੇਵਾਰ ਸਦੱਸ ਨੂੰ ਲਾਜ਼ਮੀ ਤੌਰ ਤੇ ਹੇਠ ਲਿਖੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ (ਹਰ ਪਰਿਵਾਰ ਵਿਚ ਸਿਰਫ਼ ਇਕ ਲਿਖਤ ਘੋਸ਼ਣਾ ਦੀ ਲੋੜ ਹੁੰਦੀ ਹੈ)। "ਪਰਿਵਾਰ" ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਜਾਂਦਾ ਹੈ – "ਇਕ ਹੀ ਘਰ ਵਿੱਚ ਰਹਿ ਰਹੇ ਪਰਿਵਾਰ ਦੇ ਸਦੱਸ ਜਿਹਨਾਂ ਦਾ ਖ਼ੂਨ ਦਾ, ਸ਼ਾਦੀਸ਼ੁਦਾ, ਘਰੇਲੂ ਰਿਸ਼ਤਾ ਹੈ, ਜਾਂ ਗੋਦ ਲਿੱਤਾ ਰਿਸ਼ਤਾ ਹੈ।"

1 ਪਰਿਵਾਰ ਦਾ ਨਾਂ

ਪਹਿਲਾ (ਦਿੱਤਾ ਗਿਆ) ਵਿਚਕਾਰਲਾ

2 ਜਨਮ ਮਿਤੀ ਦਿਨ ਮਹੀਨ ਸਾਲ

3 ਤੁਹਾਡੇ ਨਾਲ ਯਾਤਰਾ ਕਰ ਰਹੇ ਪਰਿਵਾਰ ਦੇ ਜੀਆਂ ਦੀ ਗਿਣਤੀ

4 (a) ਯੂ.ਐਸ. ਗਲੀ ਦਾ ਪਤਾ (ਹੋਟਲ ਦਾ ਨਾਂ/ਟਿਕਾਣਾ)

(b) ਸ਼ਹਿਰ (c) ਪ੍ਰਦੇਸ਼

5 (ਦੇਸ਼) ਦੁਆਰਾ ਪਾਸਪੋਰਟ ਜਾਰੀ ਕੀਤਾ ਗਿਆ

6 ਪਾਸਪੋਰਟ ਨੰਬਰ

7 ਰਿਹਾਇਸ਼ ਦਾ ਦੇਸ਼

8 ਯੂ.ਐਸ. ਪਹੁੰਚਣ ਤੋਂ ਪਹਿਲਾਂ
ਇਸ ਟਰਿੱਪ ਉੱਤੇ ਦੌਰਾ ਕੀਤੇ ਗਏ ਦੇਸ਼

9 ਏਅਰਲਾਈਨ/ਫਲਾਇਟ ਨੰ. ਜਾਂ ਸਮੁੰਦਰੀ ਜਹਾਜ਼ ਦਾ ਨਾਂ

10 ਇਸ ਟਰਿੱਪ ਦਾ ਪ੍ਰਮੁੱਖ ਉਦੇਸ਼ ਵਪਾਰ ਹੈ: ਹਾਂ ☐ ਨਹੀਂ ☐

11 ਮੈਂ ਲਿਆ ਰਿਹਾ ਹਾਂ (ਅਸੀਂ ਲਿਆ ਰਹੇ ਹਾਂ)

ਧ) ਫਲ, ਸਬਜ਼ੀਆਂ, ਪੌਦੇ, ਬੀਜ, ਭੋਜਨ, ਕੀੜੇ: ਹਾ ☐ ਨਹੀਂ ☐

(ਨ) ਮੀਟ, ਜਾਨਵਰ, ਜਾਨਵਰ/ਜੰਗਲੀ ਜਾਨਵਰਾਂ ਦੇ ਉਤਪਾਦ: ਹਾਂ ☐ ਨਹੀਂ ☐

(ਪ) ਬੀਮਾਰੀ ਦੇ ਏਜੰਟ, ਕੋਸ਼ਾਣੂਆਂ ਦੇ ਜੀਵਾਣੂ, ਘੋਗੇ: ਹਾਂ ☐ ਨਹੀਂ ☐

(ਫ) ਮਿੱਟੀ ਜਾਂ ਇਕ ਖੇਤ/ਪਸ਼ੂਫਾਰਮ/ਚਰਾਗਾਹ ਉੱਤੇ ਰਹੇ ਹਾਂ: ਹਾਂ ☐ ਨਹੀਂ ☐

12 ਮੈਂ (ਅਸੀਂ) ਪਸ਼ੂਆਂ ਦੀ ਨਜ਼ਦੀਕੀ ਸਮੀਪਤਾ ਵਿਚ ਰਿਹਾ ਹਾ (ਰਹੇ ਹਾਂ) (ਜਿਵੇਂ ਕਿ ਪਸ਼ੂਆਂ ਨੂੰ ਛੂਹਣਾ ਜਾਂ ਪ੍ਰਬੰਧ ਕਰਨਾ) ਹਾਂ ☐ ਨਹੀਂ ☐

13 ਮੈਂ (ਅਸੀਂ) 10,000 ਯੂ.ਐਸ. ਡਾਲਰ ਜਾਂ ਬਰਾਬਰ ਦੇ ਵਿਦੇਸ਼ੀ ਮੁੱਲ ਦੇ ਕਰੰਸੀ ਜਾਂ ਵਿੱਤੀ ਦਸਤਾਵੇਜ਼ ਲਿਜਾ ਰਿਹਾ ਹਾਂ (ਰਹੇ ਹਾਂ): ਹਾਂ ☐ ਨਹੀਂ ☐
(ਪਿਛਲੇ ਪਾਸੇ ਉੱਤੇ ਵਿੱਤੀ ਦਸਤਾਵੇਜ਼ਾਂ ਦੀ ਪਰਿਭਾਸ਼ਾ ਵੇਖੋ)

14 ਮੇਰੇ (ਸਾਡੇ) ਕੋਲ ਵਪਾਰਕ ਸਾਮਾਨ ਹੈ: ਹਾਂ ☐ ਨਹੀਂ ☐
(ਵਿਕਰੀ ਲਈ ਚੀਜ਼ਾਂ, ਆਰਡਰਾਂ ਨੂੰ ਇੱਕਤਰ ਕਰਨ ਲਈ ਵਰਤੇ ਗਏ ਨਮੂਨੇ,
(ਜਾਂ ਮਾਲ ਜਿੰਨਾਂ ਨੂੰ ਨਿਜੀ ਸਮਾਨ ਨਹੀਂ ਮੰਨਿਆ ਜਾਂਦਾ ਹੈ)

15 ਨਾਗਰਿਕ –ਵਪਾਰਕ ਸਾਮਾਨ ਦੇ ਸਹਿਤ, ਸਾਰੇ ਮਾਲ ਦਾ ਕੁੱਲ ਮੁੱਲ, ਜੋ ਮੈਂ/ਅਸੀਂ ਖਰੀਦਿਆ ਹੈ ਜਾਂ ਵਿਦੇਸ਼ ਤੋਂ ਪ੍ਰਾਪਤ ਕੀਤਾ ਹੈ (ਕਿਸੇ ਵਿਅਕਤੀ ਲਈ ਤੋਹਫਿਆਂ ਸਮੇਤ, ਪਰ ਯੂ.ਐਸ. ਨੰ ਡਾਕ ਰਾਹੀਂ ਭੇਜੀਆਂ ਗਈਆਂ ਚੀਜ਼ਾਂ ਨਹੀਂ) ਅਤੇ ਯੂ.ਐਸ. ਲਿਆ ਰਿਹਾ ਹਾਂ/ਰਹੇ ਹਾਂ, ਹੈ: $

ਮੁਲਾਕਾਤੀ – ਵਪਾਰਕ ਸਾਮਾਨ ਸਮੇਤ ਸਾਰੀਆਂ ਚੀਜ਼ਾਂ ਦਾ ਕੁੱਲ ਮੁੱਲ ਹੈ ਜੋ ਯੂ.ਐਸ. ਵਿਚ ਰਹਿਣਗੀਆਂ: $

ਇਸ ਫਾਰਮ ਦੇ ਪਿਛਲੇ ਪਾਸੇ ਹਿਦਾਇਤਾਂ ਨੂੰ ਪੜ੍ਹੋ। ਸਾਰੀਆਂ ਚੀਜ਼ਾਂ ਜੋ ਤੁਹਾਡੇ ਲਈ ਘੋਸ਼ਿਤ ਕਰਨੀਆਂ ਲਾਜ਼ਮੀ ਹਨ, ਦੀ ਸੂਚੀ ਬਣਾਉਣ ਲਈ ਥਾਂ ਪ੍ਰਦਾਨ ਕੀਤੀ ਗਈ ਹੈ।

ਮੈਂ ਇਸ ਫਾਰਮ ਦੇ ਪਿਛਲੇ ਪਾਸੇ ਜ਼ਰੂਰੀ ਜਾਣਕਾਰੀ ਪੜ੍ਹ ਲਈ ਹੈ ਅਤੇ ਇਕ ਸੱਚੀ ਘੋਸ਼ਣਾ ਕੀਤੀ ਹੈ।

X

ਹਸਤਾਖਰ ਮਿਤੀ (ਦਿਨ/ਮਹੀਨਾ/ਸਾਲ)

CBP Form 6059B (11/16)

ਯੂ.ਐਸ. ਕਸਟਮਸ ਐਂਡ ਬੋਰਡਰ ਪਰੋਟੈਕਸ਼ਨ ਯੂਨਾਈਟਿਡ ਸਟੇਟਸ ਵਿਖੇ ਤੁਹਾਡਾ ਸੁਆਗਤ ਕਰਦੇ ਹਨ

ਯੂ.ਐਸ. ਕਸਟਮਸ ਐਂਡ ਬੋਰਡਰ ਪਰੋਟੈਕਸ਼ਨ ਪਾਬੰਦਤ ਚੀਜ਼ਾਂ ਦੇ ਗੈਰ–ਕਾਨੂੰਨੀ ਆਯਾਤ ਦੇ ਖਿਲਾਫ ਯੂਨਾਈਟਿਡ ਸਟੇਟਸ ਦੀ ਰੱਖਿਆ ਕਰਨ ਲਈ ਜ਼ਿੰਮੇਵਾਰ ਹੈ। ਸੀਬੀਪੀ ਅਫਸਰਾਂ ਕੋਲ ਤੁਹਾਨੂੰ ਸੁਆਲ ਪੁੱਛਣ ਅਤੇ ਤੁਹਾਡਾ ਅਤੇ ਤੁਹਾਡੀ ਨਿੱਜੀ ਸੰਪੱਤੀ ਦਾ ਮੁਆਇਨਾ ਕਰਨ ਦਾ ਅਧਿਕਾਰ ਹੁੰਦਾ ਹੈ। ਜੇ ਤੁਸੀਂ ਮੁਆਇਨੇ ਲਈ ਚੁਣੇ ਗਏ ਯਾਤਰੀਆਂ ਵਿਚੋਂ ਇਕ ਹੋ, ਤੁਹਾਡੇ ਨਾਲ ਨਿਮਰਤਾ, ਪੇਸ਼ਾਵਰ, ਅਤੇ ਹਲੀਮੇ ਤਰੀਕੇ ਨਾਲ ਵਿਵਹਾਰ ਕੀਤਾ ਜਾਵੇਗਾ। ਸੀਬੀਪੀ ਨਿਰੀਖਕ ਅਤੇ ਮੁਸਾਫਰ ਸੇਵਾ ਨੁਮਾਇੰਦੇ ਤੁਹਾਡੇ ਸੁਆਲਾਂ ਦਾ ਜਵਾਬ ਦੇਣ ਲਈ ਉਪਲਬਧ ਹਨ। ਸ਼ਲਾਘਾ ਕਰਨ ਜਾਂ ਫੀਡਬੈਕ ਪ੍ਰਦਾਨ ਕਰਨ ਲਈ ਟਿੱਪਣੀ ਕਾਰਡ ਉਪਲਬਧ ਹਨ।

ਜ਼ਰੂਰੀ ਜਾਣਕਾਰੀ

ਯੂ.ਐਸ. ਨਾਗਰਿਕ – ਉਹਨਾਂ ਸਾਰੀਆਂ ਚੀਜ਼ਾਂ ਦੀ ਘੋਸ਼ਣਾ ਕਰੋ ਜੋ ਤੁਸੀਂ ਵਿਦੇਸ਼ ਤੋਂ ਪ੍ਰਾਪਤ ਕੀਤੀਆਂ ਹਨ ਅਤੇ ਯੂਨਾਈਟਿਡ ਸਟੇਟਸ ਵਿਚ ਲਿਆ ਰਹੇ ਹੋ।

ਮੁਲਾਕਾਤੀ (ਗੈਰ–ਨਾਗਰਿਕ) – ਸਾਰੀਆਂ ਚੀਜ਼ਾਂ ਦੇ ਮੁੱਲ ਦੀ ਘੋਸ਼ਣਾ ਕਰੋ ਜੋ ਯੂਨਾਈਟਿਡ ਸਟੇਟਸ ਵਿਚ ਰਹਿਣਗੀਆਂ।

ਇਸ ਘੋਸ਼ਣਾ ਫਾਰਮ ਉੱਤੇ – ਸਾਰੀਆਂ ਚੀਜ਼ਾਂ ਦੀ ਘੋਸ਼ਣਾ ਕਰੋ ਅਤੇ ਯੂ.ਐਸ. ਡਾਲਰਾਂ ਵਿਚ ਮੁੱਲ ਵਿਖਾਓ। ਤੋਹਫਿਆਂ ਲਈ, ਕਿਰਪਾ ਕਰਕੇ ਰੀਟੇਲ ਮੁੱਲ ਦਰਸਾਓ।

ਡਿਊਟੀ (ਚੁੰਗੀ) – ਸੀਬੀਪੀ ਅਫਸਰ ਡਿਊਟੀ ਦਾ ਨਿਰਧਾਰਨ ਕਰਨਗੇ। ਯੂ.ਐਸ. ਦੇ ਨਾਗਰਿਕ ਆਮ ਤੌਰ ਤੇ ਆਪਣੇ ਨਾਲ ਲਿਆਈਆਂ ਗਈਆਂ ਚੀਜ਼ਾਂ ਉੱਤੇ 800 ਡਾਲਰ ਦੀ ਚੁੰਗੀ–ਰਹਿਤ ਛੋਟ ਲਈ ਹੱਕਦਾਰ ਹੁੰਦੇ ਹਨ। ਮੁਲਾਕਾਤੀ (ਗੈਰ–ਨਾਗਰਿਕ) ਆਮ ਤੌਰ ਤੇ 100 ਡਾਲਰ ਦੀ ਛੋਟ ਲਈ ਹੱਕਦਾਰ ਹੁੰਦੇ ਹਨ। ਛੋਟ ਤੋਂ ਉੱਤੇ ਪਹਿਲੇ 1000 ਡਾਲਰ ਲਈ ਚੁੰਗੀ ਦਾ ਆਕਲਨ ਵਰਤਮਾਨ ਦਰ ਤੇ ਕੀਤਾ ਜਾਵੇਗਾ।

ਖੇਤੀਬਾੜੀ ਅਤੇ ਜੰਗਲੀ ਜਾਨਵਰਾਂ ਦੇ ਉਤਪਾਦ – ਖਤਰਨਾਕ ਖੇਤੀਬਾੜੀ ਕਿਰਮਾਂ ਅਤੇ ਪਾਬੰਦਤ ਜੰਗਲੀ ਜਾਨਵਰਾਂ ਦੇ ਦਾਖ਼ਲੇ ਨੂੰ ਰੋਕਣ ਲਈ, ਅੱਗੇ ਲਿਖੀਆਂ ਚੀਜ਼ਾਂ ਪ੍ਰਤਿਬੰਧਤ ਹਨ: ਫਲ, ਸਬਜ਼ੀਆਂ, ਪੌਦੇ,ਪੌਦਿਆਂ ਦੇ ਉਤਪਾਦ, ਮਿੱਟੀ, ਮੀਟ, ਮੀਟ ਦੇ ਉਤਪਾਦ, ਪੰਛੀ, ਘੋਗੇ, ਅਤੇ ਹੋਰ ਜ਼ਿੰਦਾ ਜਾਨਵਰ ਅਤੇ ਜਾਨਵਰਾਂ ਦੇ ਉਤਪਾਦ। ਅਜਿਹੀਆਂ ਚੀਜ਼ਾਂ ਬਾਰੇ ਕਿਸੇ ਕਸਟਮ ਅਤੇ ਬੋਰਡਰ ਸੁਰੱਖਿਆ ਅਫ਼ਸਰ/ਕਸਟਮਸ ਅਤੇ ਬੋਰਡਰ ਸੁਰੱਖਿਆ ਖੇਤੀਬਾੜੀ ਵਿਸ਼ੇਸ਼ੱਗ/ਮੱਛੀ ਜੰਗਲੀ ਜੀਵਾਂ ਦੇ ਇੰਸਪੈਕਟਰ ਨੂੰ ਨਾ ਦੱਸਣ ਦੇ ਨਤੀਜੇ ਵੱਜੋਂ ਜੁਰਮਾਨੇ ਲਗਾਏ ਜਾ ਸਕਦੇ ਹਨ ਅਤੇ ਚੀਜ਼ਾਂ ਨੂੰ ਜ਼ਬਤ ਕੀਤਾ ਜਾ ਸਕਦਾ ਹੈ।

ਨਿਯੰਤ੍ਰਿਤ ਪਦਾਰਥਾਂ, ਅਸ਼ਲੀਲ ਚੀਜ਼ਾਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਆਮ ਤੌਰ ਤੇ ਪਾਬੰਦਤ ਦਾਖ਼ਲਾ ਹੁੰਦਾ ਹੈ। ਅਜਿਹੀਆਂ ਚੀਜ਼ਾਂ ਦਾ ਅਮਰੀਕਾ ਦੇ ਅੰਦਰ ਆਯਾਤ ਕਰਨਾ ਜੋ ਬੌਧਿਕ ਸੰਪਤੀ ਦੇ ਹੱਕਾਂ ਦੀ ਉਲੰਘਣਾ ਕਰਦੀਆਂ ਹਨ, ਦੇ ਕਾਰਨ ਯਾਤਰੀਆਂ ਤੇ ਦੀਵਾਨੀ ਜਾਂ ਫੌਜਦਾਰੀ ਜੁਰਮਾਨੇ ਲਗਾਏ ਜਾ ਸਕਦੇ ਹਨ ਅਤੇ ਸੁਰੱਖਿਆ ਜਾਂ ਸਿਹਤ ਲਈ ਗੰਭੀਰ ਜੋਖਮ ਖੜ੍ਹਾ ਕਰ ਸਕਦੀਆਂ ਹਨ।

ਮਾਤਰਾ (ਰਕਮ) ਤੋਂ ਬੇਪਰਵਾਹ, ਕਰੰਸੀ ਜਾਂ ਵਿੱਤੀ ਦਸਤਾਵੇਜ਼ਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਭੇਜਣਾ ਕਾਨੂੰਨੀ ਹੁੰਦਾ ਹੈ। ਪਰ, ਜੇ ਤੁਸੀਂ 10,000 ਡਾਲਰ ਤੋਂ ਵੱਧ ਰਕਮ ਯੂਨਾਈਟਿਡ ਸਟੇਟਸ ਲਿਆਉਂਦੇ ਜਾਂ ਬਾਹਰ ਲਿਜਾਂਦੇ ਹੋ (ਯੂ.ਐਸ. ਜਾਂ ਬਰਾਬਰ ਦੇ ਵਿਦੇਸ਼ੀ ਮੁੱਲ ਦੇ ਜਾਂ ਦੋਹਾਂ ਨੂੰ ਮਿਲਾ ਕੇ), ਤੁਹਾਨੂੰ ਯੂ.ਐਸ. ਕਸਟਮਸ ਐਂਡ ਬੋਰਡਰ ਪਰੋਟੈਕਸ਼ਨ ਦੇ ਨਾਲ ਖਜਵਉਕਜ 105 (ਪੂਰਵਲੇ ਤੌਰ ਤੇ ਕਸਟਮ ਫਾਰਮ 4790) ਉੱਤੇ ਇਕ ਰਿਪੋਰਟ ਦਾਇਰ ਕਰਨ ਦੀ ਲੋੜ ਹੁੰਦੀ ਹੈ। ਵਿੱਤੀ ਦਸਤਾਵੇਜ਼ਾਂ ਵਿਚ ਸਿੱਕੇ, ਕਰੰਸੀ, ਟਰੈਵਲਰ ਚੈੱਕ ਅਤੇ ਬਿਅਰਰ ਦਸਤਾਵੇਜ਼ ਜਿਵੇਂ ਕਿ ਨਿੱਜੀ ਜਾਂ ਕੈਸ਼ਿਅਰ ਚੈੱਕ ਅਤੇ ਸਟੋਕ ਅਤੇ ਬੋਂਡ ਸ਼ਾਮਲ ਹੁੰਦੇ ਹਨ। ਜੇ ਤੁਹਾਡੇ ਕੋਲ ਕੋਈ ਵਿਅਕਤੀ ਹੈ ਜੋ ਤੁਹਾਡੇ ਲਈ ਕਰੰਸੀ ਜਾਂ ਵਿੱਤੀ ਦਸਤਾਵੇਜ਼ ਲਿਜਾ ਰਿਹਾ ਹੈ, ਤੁਹਾਨੂੰ ਲਾਜ਼ਮੀ ਤੌਰ ਤੇ ਖਜਵਉਕਜ 105 ਉੱਤੇ ਇਕ ਰਿਪੋਰਟ ਦਾਇਰ ਕਰਨੀ ਚਾਹੀਦੀ ਹੈ। ਲੋੜੀਂਦੀ ਰਿਪੋਰਟ ਨੂੰ ਨੱਥੀ ਕਰਨ ਵਿਚ ਵਿਫ਼ਲਤਾ ਜਾਂ ਕੁੱਲ ਰਕਮ, ਜੋ ਤੁਸੀਂ ਲਿਜਾ ਰਹੇ ਹੋ, ਦੀ ਰਿਪੋਰਟ ਕਰਨ ਵਿਚ ਵਿਫ਼ਲਤਾ ਦੇ ਨਤੀਜੇ ਵੱਜੋਂ ਸਾਰੀ ਕਰੰਸੀ ਜਾਂ ਵਿੱਤੀ ਦਸਤਾਵੇਜ਼ਾਂ ਨੂੰ ਜ਼ਬਤ ਕੀਤਾ ਜਾ ਸਕਦਾ ਹੈ, ਅਤੇ ਤੁਹਾਡੇ ਤੇ ਦਿਵਾਨੀ ਜੁਰਮਾਨੇ ਲਗਾਏ ਜਾ ਸਕਦੇ ਹਨ ਅਤੇ/ਜਾਂ ਫੌਜਦਾਰੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਤੁਹਾਡੇ ਦੁਆਰਾ ਉਪਰੋਕਤ ਜ਼ਰੂਰੀ ਜਾਣਕਾਰੀ ਪੜ੍ਹ ਲੈਣ ਅਤੇ ਇਕ ਸੱਚੀ ਘੋਸ਼ਣਾ ਕਰਨ ਤੋਂ ਬਾਅਦ ਇਸ ਫਾਰਮ ਦੇ ਪਿਛਲੇ ਪਾਸੇ ਉੱਤੇ ਹਸਤਾਖਰ ਕਰੋ।

ਚੀਜ਼ਾਂ ਦਾ ਵਰਣਨ (ਸੂਚੀ ਹੋਰ ਸੀਬੀਪੀ ਫਾਰਮ 6059 ਬੀ ਉੱਤੇ ਜਾਰੀ ਰਹਿ ਸਕਦੀ ਹੈ)	ਮੁੱਲ	ਸਿਰਫ ਸੀਬੀਪੀ ਵਰਤੋਂ ਲਈ
ਕੁੱਲ		

ਪੇਪਰ ਵਰਕ ਰੀਡਰਕਸ਼ਨ ਕਾਨੂੰਨ ਦਾ ਕਥਨ: ਕੋਈ ਏਜੰਸੀ ਕਿਸੇ ਜਾਣਕਾਰੀ ਦੇ ਸੰਗ੍ਰਹਿ ਦਾ ਸੰਚਾਲਨ ਜਾਂ ਪ੍ਰਾਯੋਜਨ ਨਹੀਂ ਕਰ ਸਕਦੀ ਅਤੇ ਕਿਸੇ ਵਿਅਕਤੀ ਨੂੰ ਇਸ ਜਾਣਕਾਰੀ ਦਾ ਜਵਾਬ ਉਦੋਂ ਤੱਕ ਦੇਣ ਦੀ ਲੋੜ ਨਹੀਂ ਹੁੰਦੀ ਜਦੋਂ ਤੱਕ ਇਸ ਉੱਤੇ ਇਕ ਵਰਤਮਾਨ ਵੈਧ ਓਐਮਬੀ ਨਿਯੰਤ੍ਰਣ ਸੰਖਿਆ ਨਜ਼ਰ ਨਹੀਂ ਆਉਂਦੀ। ਇਸ ਸੰਗ੍ਰਹਿ ਲਈ ਨਿਯੰਤ੍ਰਣ ਸੰਖਿਆ 1651–0009 ਹੈ। ਇਸ ਐਪਲੀਕੇਸ਼ਨ ਨੂੰ ਪੂਰਾ ਕਰਨ ਦਾ ਅਨੁਮਾਨਿਤ ਔਸਤ ਸਮਾਂ 4 ਮਿਨਟ ਹੈ। ਤੁਹਾਡਾ ਜਵਾਬ ਦੇਣਾ ਲਾਜ਼ਮੀ ਹੈ। ਜੇ ਤੁਹਾਡੇ ਕੋਲ ਬੋਝ ਅਨੁਮਾਨ ਦੇ ਬਾਰੇ ਕੋਈ ਟਿੱਪਣੀਆਂ ਹਨ ਤਾਂ ਤੁਸੀਂ U.S. Customs and Border Protection Office of Regulations and Rulings, 90 K Street, NE, 10th Floor, Washington, DC 20229 ਨੂੰ ਪੱਤਰ ਲਿਖ ਸਕਦੇ ਹੋ।

CBP Form 6059B (11/16)